Australian Government

NATIONAL BOWEL CANCER SCREENING PROGRAM

# ਟੱਟੀ ਦੀ ਸਾਧਾਰਣ ਜਾਂਚ ਤੁਹਾਡੀ ਜਿੰਦਗੀ ਬਚਾਅ ਸਕਦੀ ਹੈ।

**ਅੰਤੜੀ ਕੈਂਸਰ ਛਾਣਬੀਣ ਦਾ ਰਾਸ਼ਟਰੀ ਪ੍ਰੋਗਰਾਮ 50-74 ਸਾਲ ਵਾਲਿਆਂ ਵਾਸਤੇ ਡਾਕ ਰਾਹੀਂ ਭੇਜੀ ਘਰੇਲੂ ਜਾਂਚ ਕਿੱਟ ਮੁਫਤ ਹੈ, ਆਸਾਨੀ ਨਾਲ ਵਰਤਣ ਵਾਲੀ ਅਤੇ ਵੱਡੀ ਅੰਤੜੀ ਦੇ ਕੈਂਸਰ ਦੇ ਸ਼ੁਰੂਆਤੀ ਲੱਛਣਾਂ ਨੂੰ ਖੋਜ ਸਕਦੀ ਹੈ।**

**ਸਾਧਾਰਣ ਜਾਂਚ ਕਰਨੀ ਤੁਹਾਡੀ ਜਾਨ ਬਚਾਅ ਸਕਦੀ ਹੈ। ਜੋ ਤੁਸੀਂ ਸੋਚਦੇ ਹੋ ਇਹ ਉਸ ਨਾਲੋਂ ਸੌਖੀ ਹੈ – 1 ਮਿਲੀਅਨ ਆਸਟ੍ਰੇਲੀਆ ਵਾਸੀ ਹਰੇਕ ਸਾਲ ਇਸ ਨੂੰ ਕਰਦੇ ਹਨ।**

50 ਸਾਲ ਦੀ ਉਮਰ ਤੋਂ, ਤੁਹਾਡਾ ਅੰਤੜੀ ਦੇ ਕੈਂਸਰ ਦਾ ਖਤਰਾ ਵੱਧ ਜਾਂਦਾ ਹੈ ਅਤੇ ਕਈ ਵਾਰ ਲੱਛਣ ਪ੍ਰਗਟ ਨਹੀਂ ਹੁੰਦੇ ਹਨ।

ਤਦ ਇੱਥੇ ਛਾਣਬੀਣ ਵਾਲੀ ਜਾਂਚ ਕੰਮ ਵਿੱਚ ਆਉਂਦੀ ਹੈ – 50 ਤੋਂ 74 ਸਾਲ ਦੀ ਉਮਰ ਵਾਲਿਆਂ ਨੂੰ ਇਕ ਕਿੱਟ ਡਾਕ ਰਾਹੀਂ ਘਰੇ ਭੇਜੀ ਜਾਂਦੀ ਹੈ। ਜਾਂਚ ਤੁਹਾਡੀ ਟੱਟੀ ਦੇ ਵਿੱਚ ਖੂਨ ਦੇ ਬਰੀਕ ਕਣਾਂ ਦਾ ਪਤਾ ਲਾਉਂਦੀ ਹੈ ਅਤੇ ਬਿਮਾਰੀ ਦੇ ਸ਼ੁਰੂਆਤੀ ਲੱਛਣਾਂ ਨੂੰ ਖੋਜ ਸਕਦੀ ਹੈ।

ਸੋ ਆਪਣੀ ਟੱਟੀ ਦੀ ਤਾਕਤ ਨੂੰ ਛੋਟਾ ਨਾ ਗਿਣੋ, ਇਹ ਤੁਹਾਡੀ ਜਾਨ ਬਚਾਅ ਸਕਦੀ ਹੈ।

## ਜਾਂਚ ਕਿਉਂ ਕਰਨੀ ਹੈ?

ਦੁਨੀਆਂ ਭਰ ਵਿੱਚੋਂ ਆਸਟ੍ਰੇਲੀਆ ਵਿੱਚ ਅੰਤੜੀਆਂ ਦੇ ਕੈਂਸਰ ਦੀ ਦਰ ਸਭ ਤੋਂ ਉੱਚੀ ਹੈ – ਲੱਗਭੱਗ 17,000 ਲੋਕਾਂ ਨੂੰ ਹਰ ਸਾਲ ਅੰਤੜੀ ਦਾ ਕੈਂਸਰ ਹੁੰਦਾ ਹੈ।

ਸਾਧਾਰਣ ਜਾਂਚ ਤੁਹਾਡੀ ਲੰਬੀ, ਸਿਹਤਮੰਦ ਜਿੰਦਗੀ ਦੇ ਮੌਕੇ ਨੂੰ ਵਧਾ ਸਕਦੀ ਹੈ। ਇਹ ਜਲਦ, ਸਾਫ ਅਤੇ ਸੌਖਾ ਹੈ – ਟੱਟੀ ਦੇ ਦੋ ਨਮੂਨੇ ਇਕੱਠੇ ਕਰੋ, ਉਹਨਾਂ ਨੂੰ ਡਾਕ ਰਾਹੀਂ ਭੇਜ ਦਿਓ ਅਤੇ ਤੁਹਾਡਾ ਕੰਮ ਪੂਰਾ।

## ਜਾਂਚ ਕਿਸ ਨੂੰ ਕਰਨੀ ਚਾਹੀਦੀ ਹੈ?

ਆਦਮੀਆਂ ਤੇ ਔਰਤਾਂ ਦੋਵਾਂ ਨੂੰ ਅੰਤੜੀ ਦੇ ਕੈਂਸਰ ਦਾ ਖਤਰਾ ਹੈ। ਅਗੇਤੀ ਅਤੇ ਨਿਯਮਤ ਜਾਂਚ ਤੁਹਾਡੇ ਖਤਰੇ ਨੂੰ ਘਟਾ ਦੇਵੇਗੀ।

ਬਿਨਾਂ ਲੱਛਣਾਂ ਵਾਲੇ 50-74 ਸਾਲ ਦੀ ਉਮਰ ਵਾਲਿਆਂ ਨੂੰ ਅੰਤੜੀ ਦੇ ਬਦਲਾਵਾਂ ਨੂੰ ਅਗੇਤੇ ਖੋਜਣ ਲਈ ਜਦੋਂ ਉਹਨਾਂ ਦਾ ਇਲਾਜ ਸੌਖਾ ਹੁੰਦਾ ਹੈ, ਡਾਕਟਰ ਹਰ ਦੋ ਸਾਲਾਂ ਬਾਅਦ ਜਾਂਚ ਕਰਨ ਦੀ ਸਿਫਾਰਸ਼ ਕਰਦੇ ਹਨ।

ਅੰਤੜੀ ਦਾ ਕੈਂਸਰ ਸਿਰਫ ਬਿਰਧ ਲੋਕਾਂ ਨੂੰ ਹੀ ਪ੍ਰਭਾਵਿਤ ਨਹੀਂ ਕਰਦਾ – 50 ਸਾਲ ਦੀ ਉਮਰ ਤੋਂ ਤੁਹਾਡਾ ਅੰਤੜੀ ਦੇ ਕੈਂਸਰ ਦਾ ਖਤਰਾ ਵੱਧ ਜਾਂਦਾ ਹੈ।

## ਜਾਂਚ ਕੀ ਪਤਾ ਲਗਾ ਰਹੀ ਹੈ?

ਜਾਂਚ ਤੁਹਾਡੀ ਟੱਟੀ ਦੇ ਵਿੱਚ ਖੂਨ ਦੇ ਬਰੀਕ ਕਣਾਂ ਦਾ ਪਤਾ ਲਾਉਂਦੀ ਹੈ। ਅੰਤੜੀ ਦਾ ਕੈਂਸਰ ਜਾਂ ਨਾਕੜਾ (ਛੋਟੀਆਂ ਗੰਢਾਂ) ਅੰਤੜੀ ਦੀ ਅੰਦਰਲੀ ਸਤਹਿ ਉਪਰ ਉਗ ਸਕਦਾ ਹੈ। ਇਹਨਾਂ ਉਤਪਤੀਆਂ ਤੋਂ ਬਹੁਤ ਥੋੜਾ ਖੂਨ ਰਿਸ ਸਕਦਾ ਹੈ ਅਤੇ ਇਸ ਨੂੰ ਟੱਟੀ ਵਿੱਚ ਲੱਭਿਆ ਜਾ ਸਕਦਾ ਹੈ। ਸਾਰੇ ਨਾਕੜੇ ਕੈਂਸਰ ਵਿੱਚ ਨਹੀਂ ਬਦਲਦੇ। ਨਾਕੜਿਆਂ ਨੂੰ ਹਟਾਉਣ ਨਾਲ ਤੁਹਾਡਾ ਅੰਤੜੀ ਦੇ ਕੈਂਸਰ ਦਾ ਖਤਰਾ ਘੱਟ ਜਾਂਦਾ ਹੈ।

## ਲੱਛਣ

ਅੰਤੜੀ ਦਾ ਕੈਂਸਰ ਬਿਨਾਂ ਲੱਛਣਾਂ ਤੋਂ ਹੋ ਸਕਦਾ ਹੈ। ਇਸ ਕਾਰਣ ਆਪਣੀ ਮੁਫਤ ਜਾਂਚ ਹਰ ਦੋ ਸਾਲਾਂ ਬਾਅਦ ਕਰਨੀ ਮਹੱਤਵਪੂਰਣ ਹੈ। ਲੱਛਣਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਤੁਹਾਡੀ ਟੱਟੀ ਵਿੱਚ ਜਾਂ ਟਾਇਲਟ ਸੀਟ ਵਿੱਚ ਖੂਨ
- ਤੁਹਾਡੀ ਟੱਟੀ ਜਾਣ ਦੀ ਆਦਤ ਵਿੱਚ ਹਾਲੀਆ ਅਤੇ ਲਗਾਤਾਰ ਬਦਲਾਅ, ਜਿਵੇਂ ਕਿ ਪਤਲੀ ਟੱਟੀ, ਗੰਭੀਰ ਕਬਜ਼ ਅਤੇ/ਜਾਂ ਤੁਹਾਨੂੰ ਆਮ ਨਾਲੋਂ ਜ਼ਿਆਦਾ ਵਾਰ ਟੱਟੀ ਕਰਨ ਜਾਣਾ ਪਵੇ
- ਅਸਪਸ਼ਟ ਥਕਾਵਟ ਜਾਂ ਭਾਰ ਵਿੱਚ ਕਮੀ
- ਪੇਟ ਦਰਦ।

ਜੇਕਰ ਤੁਸੀਂ ਇਹਨਾਂ ਲੱਛਣਾਂ ਵਿੱਚੋਂ ਕਿਸੇ ਇਕ ਨੂੰ ਵੇਖਦੇ ਹੋ, ਇਸ ਦਾ ਮਤਲਬ ਇਹ ਨਹੀਂ ਕਿ ਤੁਹਾਨੂੰ ਅੰਤੜੀ ਦਾ ਕੈਂਸਰ ਹੈ, ਪਰ ਇਹ ਬਹੁਤ ਮਹੱਤਵਪੂਰਣ ਹੈ ਕਿ ਜਿੰਨ੍ਹਾਂ ਜਲਦੀ ਹੋ ਸਕੇ ਆਪਣੇ ਡਾਕਟਰ ਨਾਲ ਗੱਲ ਕਰੋ।

ਅੰਤੜੀ ਦਾ ਕੈਂਸਰ 50 ਸਾਲ ਤੋਂ ਘੱਟ ਉਮਰ ਦੇ ਲੋਕਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ, ਸੋ ਯਕੀਨੀ ਬਣਾਓ ਕਿ ਤੁਹਾਡੇ ਪਰਿਵਾਰ ਦੇ ਸਾਰੇ ਜੀਅ ਅਤੇ ਦੋਸਤ ਇਹਨਾਂ ਲੱਛਣਾਂ ਤੋਂ ਜਾਣੂ ਹੋਣ ਅਤੇ ਜੇਕਰ ਉਹ ਫਿਕਰਮੰਦ ਹੋਣ ਤਾਂ ਆਪਣੇ ਡਾਕਟਰ ਨਾਲ ਗੱਲ ਕਰਨ।

**www.cancerscreening.gov.au**

## ਜ਼ਿਆਦਾ ਜਾਣਕਾਰੀ

**ਜੇਕਰ ਤੁਸੀਂ 50-74 ਸਾਲਾਂ ਦੇ ਹੋ, ਆਪਣੀ ਕਿੱਟ ਵਾਸਤੇ ਡਾਕ ਨੂੰ ਵੇਖੋ।**

**ਪ੍ਰੋਗਰਾਮ ਦੇ ਬਾਰੇ ਜ਼ਿਆਦਾ ਜਾਣਕਾਰੀ ਲਈ ਅਤੇ ਤੁਹਾਡੀ ਕਿੱਟ ਕਦੋਂ ਤੱਕ ਵਾਪਸ ਜਾਣੀ ਹੈ ਵਾਸਤੇ www.cancerscreening.gov.au ਉਪਰ ਜਾਓ ਜਾਂ 1800 118 868 ਉਪਰ ਫੋਨ ਕਰੋ।**

Interpreter

ਤੁਹਾਡੀ ਭਾਸ਼ਾ ਵਿੱਚ ਜਾਣਕਾਰੀ ਲਈ,
ਅਨੁਵਾਦ ਤੇ ਦੋਭਾਸ਼ੀਆ ਸੇਵਾ ਵਾਸਤੇ ਫੋਨ ਕਰੋ: 13 14 50 ਜਾਂ
www.cancerscreening.gov.au/translations
ਉਪਰ ਜਾਓ

**ਜਾਂਚ ਕਰੋ। ਅੰਤਰ ਤੁਹਾਡੇ ਅਨੁਕੂਲ ਹਨ।**



ਅਗੇਤੇ ਪਤਾ ਕਰਕੇ **90%** ਅੰਤੜੀ ਦੇ ਕੈਂਸਰਾਂ ਦਾ ਸਫਲਤਾ ਨਾਲ ਇਲਾਜ ਕੀਤਾ ਜਾ ਸਕਦਾ ਹੈ।